pstcl ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ.ਦਫ਼ਤਰ: ਪੀ.ਐਸ.ਈ.ਬੀ, ਹੈੱਡ ਆਫਿਸ, ਮਾਲ ਰੋਡ, ਪਟਿਆਲਾ-147001, ਪੰਜਾਬ, ਭਾਰਤ)
ਕਾਰਪੋਰੇਟ ਆਈ.ਡੀ ਨੰ:: U40109PB2010SGC033814
ਦਫ: ਪ੍ਰਮੁੱਖ ਇੰਜੀ:/ਐਚ.ਆਈ.ਐਸ.ਐਂਡ ਡੀ., ਪੀ.ਐਸ.ਟੀ.ਸੀ.ਐਲ., ਪਟਿਆਲਾ।
ਫੋਨ ਨੰ:0175-2922986 ਈ.ਮੇਲ ce-hr@pstcl.org ਵੈਬਸਾਇਟ :www.pstcl.org

ਵੱਲ

1. ਸਮੂਹ ਪ੍ਰਮੁੱਖ/ਮੁੱਖ ਇੰਜੀ:, ਪੀ.ਐਸ.ਟੀ.ਸੀ.ਐਲ.।
2. ਮੁੱਖ ਵਿੱਤੀ ਅਫਸਰ, ਪੀ.ਐਸ.ਟੀ.ਸੀ.ਐਲ., ਪਟਿਆਲਾ।
3. ਸਮੂਹ ਉਪ ਮੁੱਖ ਇੰਜੀ:/ਨਿਗਰਾਨ ਇੰਜੀ:, ਪੀ.ਐਸ.ਟੀ.ਸੀ.ਐਲ.।
4. ਮੁੱਖ ਲੇਖਾ ਅਫਸਰ (ਵਿੱਤ ਅਤੇ ਪੜਤਾਲ), ਪੀ.ਐਸ.ਟੀ.ਸੀ.ਐਲ., ਪਟਿਆਲਾ।
5. ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ., ਪਟਿਆਲਾ।
6. ਸਮੂਹ ਵਧੀਕ ਨਿਗਰਾਨ/ਸੀਨੀ:ਕਾ:ਕਾ:ਇੰਜੀ:, ਪੀ.ਐਸ.ਟੀ.ਸੀ.ਐਲ.।
7. ਸਮੂਹ ਸਹਾ:ਕਾ:ਕਾ:ਇੰਜੀ:/ਸਹਾਇਕ ਇੰਜੀ:, ਪੀ.ਐਸ.ਟੀ.ਸੀ.ਐਲ.।
8. ਸਮੂਹ ਲੇਖਾ ਅਫਸਰ, ਪੀ.ਐਸ.ਟੀ.ਸੀ.ਐਲ.।

ਮੀਮੋ ਨੰ: 2649/56 ਮਿਤੀ: 10/2/23

ਵਿਸ਼ਾ: **Instructions for compliance of promotion/posting/transfer orders.**

ਹਵਾਲਾ:- ਇਸ ਦਫਤਰ ਦਾ ਮੀਮੋ ਨੰ: 16133/40 ਮਿਤੀ 09.08.2022 ਅਤੇ ਮੀਮੋ ਨੰ: 3022/28 ਮਿਤੀ 10.03.2021

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਪੀ.ਐਸ.ਟੀ.ਸੀ.ਐਲ. ਵਿਖੇ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਦੇ ਤਰੱਕੀ/ਬਦਲੀ/ਤੈਨਾਤੀ ਦੇ ਹੁਕਮ ਇਸ ਦਫਤਰ ਵੱਲੋਂ ਮਾਣਯੋਗ ਸੀ.ਐਮ.ਡੀ., ਪੀ.ਐਸ.ਟੀ.ਸੀ.ਐਲ. ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ। ਹਵਾਲੇ ਅਧੀਨ ਦਰਸਾਏ ਪੱਤਰਾਂ ਰਾਹੀਂ ਜਾਰੀ ਕੀਤੀਆਂ ਹਦਾਇਤਾਂ ਦੇ ਬਾਵਜੂਦ ਅਜੇ ਵੀ ਸਬੰਧਤ ਕੰਟਰੋਲਿੰਗ ਅਧਿਕਾਰੀਆਂ ਵੱਲੋਂ ਤਰੱਕੀ/ਬਦਲੀ/ਤੈਨਾਤੀ ਦੇ ਹੁਕਮਾਂ ਦੀ ਪਾਲਣਾ ਨਾ ਕਰਦੇ ਹੋਏ ਤਰੱਕੀ/ਬਦਲੀ/ਤੈਨਾਤੀ ਅਧੀਨ ਅਧਿਕਾਰੀਆਂ/ਕਰਮਚਾਰੀਆਂ ਨੂੰ ਸਬੰਧਤ ਦਫਤਰਾਂ ਤੋਂ ਰਲੀਵ/ਜੁਆਇੰਨ ਨਹੀਂ ਕੀਤਾ ਜਾਂਦਾ ਅਤੇ ਦਫਤਰੀ ਹੁਕਮਾਂ ਨੂੰ ਰੱਦ ਕਰਨ ਸਬੰਧੀ ਬੇਨਤੀ ਕੀਤੀ ਜਾਂਦੀ ਹੈ, ਜ਼ੋ ਕਿ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤੇ ਹੁਕਮਾਂ ਦੀ ਉਲੰਘਣਾ ਮੰਨੀ ਜਾਂਦੀ ਹੈ।

ਇਸ ਤੋਂ ਇਲਾਵਾ ਇਹ ਵੀ ਦੱਸਿਆ ਜਾਂਦਾ ਹੈ ਕਿ ਤਰੱਕੀ/ਬਦਲੀ/ਤੈਨਾਤੀ ਅਧੀਨ ਅਧਿਕਾਰੀਆਂ/ਕਰਮਚਾਰੀਆਂ ਦੀ ਜੁਆਇੰਨਿੰਗ/ਰਲੀਵਿੰਗ ਅਤੇ ਚਾਰਜ ਰਿਪੋਰਟ ਸਬੰਧਤ ਦਫਤਰਾਂ ਵੱਲੋਂ ਕਈ ਵਾਰ Compliance ਕਰਨ ਦੀ ਆਖਰੀ ਮਿਤੀ ਲੰਘਣ ਤੋਂ ਬਹੁਤ ਸਮੇਂ ਬਾਅਦ ਇਸ ਦਫਤਰ ਨੂੰ ਪ੍ਰਾਪਤ ਹੁੰਦੀ ਹੈ ਅਤੇ ਕਈ ਵਾਰੀ ਇਸ ਦਫਤਰ ਵਿਖੇ ਪ੍ਰਾਪਤ ਹੀ ਨਹੀਂ ਹੁੰਦੀ, ਜਿਸ ਕਾਰਨ ਇਸ ਦਫਤਰ ਦੇ ਦਫਤਰੀ ਹੁਕਮ ਰਾਹੀਂ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੇ ਤਰੱਕੀ/ਬਦਲੀ/ਤੈਨਾਤੀ ਹੁਕਮ ਜਾਰੀ ਕੀਤੇ ਜਾਂਦੇ ਹਨ, ਉਹਨਾਂ ਦੀ ਪਾਲਣਾ ਰਿਪੋਰਟ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ।

ਉਪਰੋਕਤ ਦੇ ਮੱਦੇਨਜਰ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੇ ਤਰੱਕੀ/ਬਦਲੀ/ਤੈਨਾਤੀ ਹੁਕਮ ਜਾਰੀ ਕੀਤੇ ਜਾਂਦੇ ਹਨ, ਉਹਨਾਂ ਦੇ ਸਬੰਧਤ ਕੰਟਰੋਲਿੰਗ ਅਧਿਕਾਰੀਆਂ ਵੱਲੋਂ ਇਹਨਾਂ ਹੁਕਮਾਂ ਦੀ ਪਾਲਣਾ ਮਿੱਥੇ ਸਮੇਂ ਅੰਦਰ ਸਖਤੀ ਨਾਲ ਕਰਨੀ ਯਕੀਨੀ ਬਣਾਈ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਇਹਨਾਂ ਦਫਤਰੀ ਹੁਕਮਾਂ ਦੀ ਪਾਲਣਾ ਦੀ ਰਿਪੋਰਟ (Compliance report) ਸਬੰਧਤ ਦਫਤਰਾਂ ਵੱਲੋਂ ਉਸੇ ਦਿਨ ਨਿਗ:ਇੰਜੀ:/ਐਚ.ਆਰ. ਤੇ ਪ੍ਰਬੰਧਕੀ ਜੀ ਦੀ ਈ-ਮੇਲ (se-admin@pstcl.org) ਅਤੇ ਸੀਨੀ.ਕਾ.ਕਾ.ਇੰਜੀ:/ਪ੍ਰਸੋਨਲ ਦੀ ਈ-ਮੇਲ (ase-pers@pstcl.org) ਤੇ ਭੇਜੀ ਜਾਵੇ ਤਾਂ ਜ਼ੋ ਇਹਨਾਂ ਦਫਤਰੀ ਹੁਕਮਾਂ ਦੀ ਪਾਲਣਾ ਦੀ ਸੰਪੂਰਨ ਰਿਪੋਰਟ ਸਮੇਂ ਸਿਰ ਤਿਆਰ ਕੀਤੀ ਜਾ ਸਕੇ।

**Compliance** ਕਰਨ ਸਬੰਧੀ ਮਿੱਥੇ ਸਮੇਂ ਦੇ ਲੰਘ ਜਾਣ ਉਪਰੰਤ ਜੇਕਰ ਕਿਸੇ ਤੈਨਾਤੀ ਹੁਕਮ ਸਬੰਧੀ **Compliance report** ਇਸ ਦਫਤਰ ਵਿਖੇ ਕਿਸੇ ਵੀ ਕਾਰਨ ਪ੍ਰਾਪਤ ਨਹੀਂ ਹੁੰਦੀ ਤਾਂ ਨਿਮਨਹਸਤਾਖਰ ਦੇ ਦਫਤਰ ਵੱਲੋਂ ਬਿਨ੍ਹਾਂ ਕਿਸੇ ਨੋਟਿਸ ਦੇ ਸਬੰਧਤ ਕੰਟਰੋਲਿੰਗ ਅਧਿਕਾਰੀਆਂ ਵਿਰੁੱਧ ਬਣਦੀ ਅਨੁਸ਼ਾਸਨੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।

ਮਾਮਲਾ ਅਤਿ ਜਰੂਰੀ ਹੈ ਜੀ।

10/2/2023
ਪ੍ਰਮੁੱਖ ਇੰਜੀ:/ਐਚ.ਆਈ.ਐਸ.ਐਂਡ ਡੀ.,
ਪੀ.ਐਸ.ਟੀ.ਸੀ.ਐਲ., ਪਟਿਆਲਾ।